ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਤੁਹਾਡੀ ਜਯੋਤੀ ਜਗੀ ਹੈ, ਜਯੋਤੀ ਜਗਣਾ ਮਤਲਬ ਬ੍ਰਹਸਪਤੀ ਦੀ ਦਸ਼ਾ ਬੈਠਣਾ, ਬ੍ਰਹਸਪਤੀ ਦੀ ਦਸ਼ਾ ਬੈਠਣ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣ ਜਾਂਦੇ ਹੋ"

ਪ੍ਰਸ਼ਨ:- ਸਤਿਯੁਗ ਵਿੱਚ ਹਰ ਘਰ ਦੀ ਵਿਸ਼ੇਸ਼ਤਾ ਕੀ ਹੋਵੇਗੀ, ਕਲਿਯੁਗ ਵਿੱਚ ਹਰ ਘਰ ਕੀ ਬਣ ਗਏ ਹਨ?

ਉੱਤਰ:- ਸਤਿਯੁਗ ਵਿੱਚ ਹਰ ਘਰ ਵਿੱਚ ਖੁਸ਼ੀਆਂ ਹੋਣਗੀਆਂ। ਸਭਦੀ ਜਯੋਤੀ ਜਗੀ ਹੋਈ ਹੋਵੇਗੀ। ਕਲਿਯੁਗ ਵਿੱਚ ਤਾਂ ਘਰ - ਘਰ ਵਿੱਚ ਗ਼ਮੀ, ਚਿੰਤਾ ਹੈ। ਹਰ ਘਰ ਵਿੱਚ ਹਨ੍ਹੇਰਾ ਹੈ। ਆਤਮਾ ਦੀ ਜਯੋਤੀ ਉਝਾਈ ਹੋਈ ਹੈ। ਬਾਪ ਆਏ ਹਨ ਜਯੋਤੀ ਨਾਲ ਜਯੋਤੀ ਜਗਾਉਣ, ਜਿਸਨਾਲ ਫਿਰ ਘਰ - ਘਰ ਵਿੱਚ ਦੀਵਾਲੀ ਹੋਵੇਗੀ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਬੱਚਿਆਂ ਨੇ ਮਾਂ ਦੀ ਮਹਿਮਾ ਸੁਣੀ। ਉਵੇਂ ਤਾਂ ਅਸਲ ਵਿੱਚ ਉਪਮਾ ਤਾਂ ਇੱਕ ਦੀ ਹੀ ਹੁੰਦੀ ਹੈ। ਮਾਂ ਨੂੰ ਵੀ ਜਗਤ ਅੰਬਾ ਬਣਾਉਣ ਵਾਲਾ, ਜਨਮ ਦੇਣ ਵਾਲਾ ਫਿਰ ਵੀ ਕੋਈ ਹੋਰ ਹੈ। ਇਵੇਂ ਮਾਂ ਨੂੰ ਵੀ ਜਨਮ ਕਿਸਨੇ ਦਿੱਤਾ? ਕਹਿਣਗੇ ਪਤਿਤ - ਪਾਵਨ ਪਰਮਾਤਮਾ ਸ਼ਿਵ ਨੇ ਦਿੱਤਾ। ਫਿਰ ਵੀ ਮਹਿਮਾ ਹੋ ਜਾਂਦੀ ਹੈ ਇੱਕ ਹੀ ਗਿਆਨ ਸਾਗਰ, ਪਤਿਤ - ਪਾਵਨ ਪਰਮਪਿਤਾ ਪਰਮਾਤਮਾ ਸ਼ਿਵਬਾਬਾ ਦੀ। ਉਹ ਬੈਠ ਬੱਚਿਆਂ ਨੂੰ ਆਪਣਾ ਅਤੇ ਆਪਣੀ ਰਚਨਾ ਦੇ ਆਦਿ -ਮੱਧ - ਅੰਤ ਦਾ ਅਤੇ ਪਤਿਤਾਂ ਨੂੰ ਪਾਵਨ ਬਣਾਉਣ ਦਾ ਰਾਜ਼ ਸਮਝਾਉਂਦੇ ਹਨ। ਇਹ ਤਾਂ ਬੱਚੇ ਸਮਝ ਗਏ ਹਨ ਇਸ ਸਮੇਂ ਪਤਿਤ ਰਾਜ ਹੈ, ਜਿਸਨੂੰ ਰਾਵਣ ਰਾਜ ਕਿਹਾ ਜਾਂਦਾ ਹੈ। ਹੁਣ ਦੁਸ਼ਹਿਰਾ ਆਉਂਦਾ ਹੈ ਨਾ। ਇਹ ਤਾਂ ਸਮਝਾਇਆ ਗਿਆ ਹੈ - ਇਹ ਸਭ ਅੰਧਸ਼ਰਧਾ ਦੇ ਉਤਸਵ ਹਨ। ਇਵੇਂ ਤਾਂ ਕੋਈ ਹੈ ਨਹੀਂ ਕਿ ਇੱਕ ਰਾਵਣ ਸੀ, ਲੰਕਾ ਸੀ। ਲੰਕਾ - ਸਿਲਾਂਨ ਨੂੰ ਕਿਹਾ ਜਾਂਦਾ ਹੈ। ਦਿਖਾਉਂਦੇ ਹਨ ਸਾਗਰ ਤੇ ਬਾਂਦਰਾਂ ਨੇ ਪੁਲ ਬਣਾਈ...। ਅਸਲ ਵਿੱਚ ਇਹ ਸਭ ਹਨ ਦੰਤ ਕਥਾਵਾਂ। ਇਵੇਂ ਤਾਂ ਨਹੀ ਕਿ 10 ਸ਼ੀਸ਼ ਵਾਲਾ ਕੋਈ ਰਾਵਣ ਸੀ, ਲੰਕਾ ਵਿੱਚ ਰਾਵਣ ਰਾਜ ਕਰਦਾ ਸੀ। ਫਿਰ ਤਾਂ ਉਹਨਾਂ ਦੀ ਐਫਜੀ ਲੰਕਾ ਵਿੱਚ ਹੀ ਸਾੜਨੀ ਚਾਹੀਦੀ ਹੈ। ਰਾਵਣ ਨੂੰ ਸਾੜਨ ਦਾ ਭਾਰਤ ਵਿਚ ਹੀ ਰਿਵਾਜ਼ ਹੈ ਹੋਰ ਕਿਸੇ ਜਗ੍ਹਾ ਨਹੀਂ ਸਾੜਦੇ। ਅਖ਼ਬਾਰ ਵਿੱਚ ਵੀ ਇੱਥੇ ਦੇ ਲਈ ਹੀ ਪੈਂਦਾ ਹੈ। ਸਭਤੋਂ ਜ਼ਿਆਦਾ ਉਤਸਵ ਮੈਸੂਰ ਦਾ ਮਹਾਰਾਜਾ ਮਨਾਉਂਦੇ ਹਨ। ਉਹਨਾਂ ਦਾ ਸ਼ਾਇਦ ਇਸ ਦੰਤ ਕਥਾਵਾਂ ਨਾਲ ਪ੍ਰੇਮ ਦਿਖਾਈ ਦਿੰਦਾ ਹੈ। ਹੁਣ ਇਸ ਤੇ ਸਮਝਾਉਣਾ ਤੁਸੀਂ ਬੱਚਿਆਂ ਦਾ ਕੰਮ ਹੈ। ਐਫਜੀ ਤਾਂ ਦੁਸ਼ਮਣ ਦਾ ਬਣਾਕੇ ਸਾੜਿਆ ਜਾਂਦਾ ਹੈ। ਜਿਵੇਂ ਅੱਗੇ ਹਿਟਲਰ ਦਾ ਐਫਜੀ ਬਣਾਕੇ ਸਾੜਦੇ ਸਨ। ਦੁਸ਼ਮਣ ਤੇ ਬਹੁਤਿਆਂ ਦੇ ਹੁੰਦੇ ਹਨ। ਹੁਣ ਰਾਵਣ ਕਿਸਦਾ ਦੁਸ਼ਮਣ ਸੀ? ਭਾਰਤਵਾਸੀਆਂ ਦਾ ਦੁਸ਼ਮਣ ਸੀ। ਪਰ ਦੁਸ਼ਮਣ ਨੂੰ ਇੱਕ ਵਾਰ ਸਾੜਿਆ ਜਾਂਦਾ ਹੈ। ਇਵੇਂ ਤਾਂ ਕੋਈ ਵੀ ਨਹੀਂ ਕਰਦੇ ਜੋ ਹਰ ਵਰ੍ਹੇ ਦੁਸ਼ਮਣ ਦਾ ਐਫਜੀ (ਬੁੱਤ) ਬਣਾਕੇ ਸਾੜਨ। ਦੁਸ਼ਮਣ ਦਾ ਐਫਜੀ ਤਾਂ ਬਣਾਉਂਦੇ ਹਨ ਪਰ ਵਰ੍ਹੇ -ਵਰ੍ਹੇ ਤਾਂ ਨਹੀਂ ਸਾੜਦੇ। ਇਹ ਰਾਵਣ ਫਿਰ ਕੌਣ ਹੈ ਜਿਸਦਾ ਭਾਰਤ ਵਿੱਚ ਬਹੁਤ ਸਮੇਂ ਤੋਂ 10 ਸ਼ੀਸ਼ ਵਾਲਾ ਐਫਜੀ ਬਣਾਕੇ ਸਾੜਦੇ ਰਹਿੰਦੇ ਹਨ? ਇਹ ਦੁਸ਼ਮਣ ਕਦੋਂ ਤੋਂ ਹੋਇਆ ਹੈ ਜੋ ਮਰਦਾ ਹੀ ਨਹੀਂ? ਅਖ਼ਰੀਨ ਖ਼ਤਮ ਹੋਵੇਗਾ ਜਾਂ ਸਦੈਵ ਰਹੇਗਾ ਹੀ? ਤੁਸ ਬੱਚੇ ਜਾਣਦੇ ਹੋ ਭਾਰਤ ਹੀ ਪਵਿੱਤਰ ਸੀ ਫਿਰ ਭਾਰਤ ਨੂੰ ਹੀ ਰਾਵਣ ਨੇ ਅਪਵਿੱਤਰ ਬਣਾਇਆ ਹੈ। ਹੁਣ ਰਾਵਣ ਰਾਜ ਹੈ। ਜੇਕਰ ਲੰਕਾ ਦਾ ਰਾਜਾ ਸੀ ਤਾਂ ਰਾਣੀ ਵੀ ਹੋਵੇਗੀ। ਤੁਸੀਂ ਤਾਂ ਇਹ ਗੱਲਾਂ ਮੰਨੋਗੇ ਨਹੀਂ। ਰਾਵਣ ਹੁਣ ਤੱਕ ਜਿਉਂਦਾ ਹੈ ਜਾਂ ਕੀ, ਕੁਝ ਵੀ ਸਮਝਦੇ ਨਹੀਂ। ਜਿਉਂਦਾ ਹੈ ਫਿਰ ਉਹਨਾਂ ਦੀ ਐਫਜੀ ਬਣਾਕੇ ਸਾੜਦੇ ਰਹਿੰਦੇ। ਇੱਕ ਵਾਰ ਸਾੜਿਆ ਫਿਰ ਕੀ ਹੋਇਆ? ਹਰ ਵਰ੍ਹੇ ਸਾੜਦੇ ਰਹਿੰਦੇ ਹਨ ਤਾਂ ਤੁਹਾਨੂੰ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ। ਕਮੇਟੀ ਵਿੱਚ ਵੱਡੇ ਜੋ ਬਣਦੇ ਹਨ ਜਿਵੇਂ ਮੈਸੂਰ ਦਾ ਮਹਾਰਾਜਾ ਹੈ, ਉਹ ਬਹੁਤ ਮਨਾਉਂਦੇ ਹਨ। ਫੌਰਨਰਸ ਨੂੰ ਵੀ ਦੇਖਣ ਲਈ ਬੁਲਾਉਂਦੇ ਹਨ। ਸਮਝਣਗੇ ਕੀ ਸ਼ਾਇਦ ਇਵੇਂ ਹੋਇਆ ਹੋਵੇਗਾ। ਪਰ ਇਵੇਂ ਤਾਂ ਕਦੀ ਹੋਇਆ ਨਹੀਂ ਹੈ। ਨਾਟਕ ਬਣਾ ਦਿੰਦੇ ਹਨ। ਰਾਵਣ ਦਾ ਵੀ ਨਾਟਕ ਬਣਾਉਂਦੇ ਹਨ। ਤਾਂ ਇਸ ਰਾਵਣ ਦੀ ਗੱਲ ਤੇ ਸਮਝਾਉਣਾ ਹੈ। ਬੜੀ ਜਬਰਦਸਤ ਗੱਲ ਹੈ। ਹੁਣ ਤੁਸੀਂ ਰਾਵਣ ਰਾਜ ਵਿੱਚ ਬੈਠੇ ਹੋ। ਪਤਿਤ ਦੁਨੀਆਂ ਨੂੰ ਹੀ ਰਾਵਨ ਰਾਜ ਕਿਹਾ ਜਾਂਦਾ ਹੈ। ਹੁਣ ਰਾਮ ਰਾਜ ਅਤੇ ਰਾਵਣ ਰਾਜ ਦਾ ਰਾਜ਼ ਤੁਹਾਨੂੰ ਸਮਝਾਇਆ ਗਿਆ ਹੈ। ਰਾਵਣ 5 ਵਿਕਾਰਾਂ ਨੂੰ ਕਿਹਾ ਜਾਂਦਾ ਹੈ ਹੋਰ ਕੋਈ ਨਹੀਂ ਹੈ।

ਤੁਸੀਂ ਸਮਝ ਗਏ ਹੋ ਕਿ ਰਾਵਣ ਦਾ ਰਾਜ ਹੁਣ - ਭਾਰਤ ਵਿੱਚ ਹੈ। ਭਾਰਤ ਵਿੱਚ ਹੀ ਦੁਸ਼ਹਿਰਾ, ਦੀਪਮਾਲਾ ਆਦਿ ਮਨਾਉਂਦੇ ਹਨ। ਤਾਂ ਸਮਝਾਉਣਾ ਪਵੇ। ਜੇਕਰ ਰਾਵਣ ਜਿਉਂਦਾ ਹੈ ਤਾਂ ਰਾਵਣ ਰਾਜ ਠਹਿਰਿਆ ਨਾ। ਰਾਵਣ ਹੈ ਪਤਿਤ ਬਣਾਉਣ ਵਾਲਾ। ਤੁਸੀਂ ਜਾਣਦੇ ਹੋ 5 ਵਿਕਾਰ ਜੋ ਕਿ ਇਸ ਸਮੇਂ ਸਰਵਵਿਆਪੀ ਹਨ, ਉਸਨੂੰ ਹੀ ਰਾਵਣ ਕਿਹਾ ਜਾਂਦਾ ਹੈ। ਰਾਵਣ ਦੇ ਚਿਤਰ ਦੇ ਅੱਗੇ ਦੁਸ਼ਹਿਰੇ ਵਿੱਚ ਨਿਕਲੇ ਸਨ, ਇਸ ਵਿੱਚ ਤਿਥੀ ਤਾਰੀਖ਼ ਵੀ ਪਾਉਣੀ ਪਵੇ। ਇਸ ਸਮੇਂ ਪਤਿਤ ਦਾ ਵਿਨਾਸ਼ ਅਤੇ ਪਾਵਨ ਦੀ ਸਥਾਪਨਾ ਹੁੰਦੀ ਹੈ। ਤੁਸੀਂ ਪਤਿਤ ਤੋਂ ਪਾਵਨ ਬਣ ਰਹੇ ਹੋ, ਪਾਵਨ ਬਣ ਜਾਓਗੇ ਫਿਰ ਰਾਵਣ ਸੰਪ੍ਰਦਾਈ ਨੂੰ ਅੱਗ ਲੱਗੇਗੀ। ਰਾਵਣ ਖ਼ਤਮ ਹੋ ਜਾਏਗਾ ਫਿਰ ਸਤਿਯੁਗ ਵਿੱਚ ਕੋਈ ਐਫਜੀ ਨਹੀਂ ਬਣਾਉਣੀ ਪਵੇਗੀ। ਸਭ ਪਾਵਨ ਬਣ ਜਾਣਗੇ। ਆਤਮਾ ਵਿੱਚ ਸਤੋਪ੍ਰਧਾਨਤਾ ਦੀ ਜਦੋਂ ਤਾਕਤ ਸੀ ਤਾਂ ਜਗਦੀ ਜੋਤ ਸੀ। ਪਤਿਤ ਬਣਨ ਨਾਲ ਉਹ ਜਯੋਤੀ ਉਝਾ ਗਈ ਹੈ। ਆਤਮਾ ਹੀ ਪਤਿਤ ਬਣੀ ਹੈ, ਉੱਡਣ ਦੀ ਤਾਕਤ ਨਹੀਂ ਹੈ। 5 ਵਿਕਾਰਾਂ ਨਾਲ ਆਤਮਾ ਆਇਰਨ ਏਜਡ ਬਣ ਗਈ ਹੈ। ਇਹ ਜਰੂਰ ਸਮਝਾਉਣਾ ਹੈ। ਆਤਮਾ ਨੂੰ ਜਾਗ੍ਰਿਤ ਕਰਨ ਵਾਲਾ ਇੱਕ ਬਾਪ ਹੀ ਹੈ।

ਇਹ ਤਾਂ ਸਭ ਕਹਿੰਦੇ ਹਨ ਜਯੋਤੀ ਸਵਰੂਪ ਪਰਮਪਿਤਾ ਪਰਮਾਤਮਾ ਆਏਗਾ। ਹੁਣ ਜਯੋਤੀ ਸਵਰੂਪ ਤੇ ਤੁਸੀਂ ਆਤਮਾ ਵੀ ਹੋ, ਪਰਮਪਿਤਾ ਪਰਮਾਤਮਾ ਵੀ ਜਯੋਤੀ ਸਵਰੂਪ ਹੈ। ਤੁਹਾਡੀ ਆਤਮਾ ਦੀ ਜਯੋਤੀ ਬੁਝ ਗਈ ਹੈ। ਬਾਕੀ ਜਾਕੇ ਜਰਾ ਜਿਹੀ ਰਹੀ ਹੈ। ਮਨੁੱਖ ਮਰਦੇ ਹਨ ਤਾਂ ਰਾਤ - ਦਿਨ ਉਹਨਾਂ ਦਾ ਦੀਵਾ ਜਗਾਉਂਦੇ ਹਨ। ਦੀਵੇ ਦੀ ਬਹੁਤ ਸੰਭਾਲ ਕਰਦੇ ਹਨ। ਘ੍ਰਿਤ ਖ਼ਤਮ ਹੋ ਜਾਂਦਾ ਹੈ ਫਿਰ ਹੋਰ ਪਾਉਦੇ ਹਨ। ਆਤਮਾਵਾਂ ਦਾ ਵੀ ਇਵੇਂ ਹੈ। ਬਾਪ ਆਕੇ ਸਭ ਦੀ ਗਿਆਨ ਨਾਲ ਜਿੱਤ ਜਗਾਉਂਦੇ ਹਨ। ਜਿੱਤ ਜਗੀ ਹੋਈ ਕਿੰਨਾਂ ਸਮੇਂ ਚਲਦੀ ਹੈ? ਉਹ ਤੇ ਰਾਤ ਨੂੰ ਜਗਾਉਂਦੇ ਹਨ ਫਿਰ ਘਿਓ ਪਾਉਂਦੇ ਜਾਂਦੇ ਹਨ। ਤੁਹਾਡੀ ਹੁਣ ਜਯੋਤੀ ਜਗ ਰਹੀ ਹੈ। ਜਗਦੇ - ਜਗਦੇ ਫਿਰ ਜਗ ਹੀ ਜਾਏਗੀ। ਜਯੋਤੀ ਬੁਝਣ ਨਾਲ 5 ਹਜ਼ਾਰ ਵਰ੍ਹੇ ਲੱਗਦੇ ਹਨ ਫਿਰ ਬਾਪ ਆਕੇ ਘਿਓ ਪਾਉਦੇ ਹਨ। ਤੁਹਾਡੀ ਹੁਣ ਜਯੋਤੀ ਜਗੀ ਹੈ ਫਿਰ ਹੌਲੀ - ਹੌਲੀ ਕਲਾ ਘੱਟ ਹੋ ਜਾਏਗੀ। ਜਯੋਤੀ ਉਝਾਈ ਜਾਏਗੀ। ਤੁਸੀਂ ਜਾਣਦੇ ਹੋ ਹੁਣ ਸਾਡੀ ਜਯੋਤੀ ਜਗਦੀ ਹੈ ਫਿਰ ਸਤਿਯੁਗ ਵਿੱਚ ਘਰ - ਘਰ ਵਿੱਚ ਸੋਝਰਾ ਹੋਵੇਗਾ। ਭਾਰਤ ਦੀ ਹੀ ਗੱਲ ਹੈ। ਹੁਣ ਤਾਂ ਘਰ - ਘਰ ਹਨ੍ਹੇਰਾ ਹੈ। ਖੁਸ਼ੀ ਹੈ ਨਹੀਂ। ਤੁਸੀਂ ਜਾਣਦੇ ਹੋ ਸਤਿਯੁਗ - ਤ੍ਰੇਤਾ ਵਿੱਚ ਅਸੀਂ ਬਹੁਤ ਖੁਸ਼ ਸੀ ਅਤੇ ਖੁਸ਼ੀ ਮਨਾਉਂਦੇ ਸੀ। ਸਭ ਦੀ ਜਯੋਤੀ ਜਗੀ ਹੋਈ ਰਹਿੰਦੀ ਹੈ ਫਿਰ ਥੋੜੀ - ਥੋੜੀ ਘੱਟਦੀ ਜਾਂਦੀ ਹੈ। ਇਸ ਸਮੇਂ ਤਾਂ ਬਿਲਕੁਲ ਉਝਾਈ ਹੋਈ ਹੈ। ਖਾਦ ਪਈ ਹੋਈ ਹੈ। ਬਾਪ ਆਕੇ ਫਿਰ ਗਿਆਨ ਦਾ ਘਿਉ ਪਾਉਦੇ ਹਨ ਜਿਸ ਨਾਲ ਤੁਸੀਂ ਫਿਰ ਜਗਦੀ ਜਯੋਤੀ ਬਣ ਜਾਂਦੇ ਹੋ। ਤੁਹਾਡੇ ਗਿਆਨ ਚਕਸ਼ੂ ਖੁਲ੍ਹ ਜਾਂਦੇ ਹਨ।

ਤੁਸੀਂ ਜਾਣਦੇ ਹੋ ਹੁਣ ਸਾਡੀ ਕਾਇਆ ਖ਼ਲਾਸ ਹੋ ਗਈ ਹੈ, ਰਾਹੂ ਨੂੰ ਗ੍ਰਹਿਣ ਲਗ ਗਿਆ ਹੈ। ਤੁਹਾਨੂੰ ਕਾਲਾ ਹੋਣ ਵਿੱਚ ਕਿੰਨਾ ਸਮਾਂ ਲੱਗਦਾ ਹੈ? ਸ਼ੁਰੂ ਤੋਂ ਲੈਕੇ ਥੋੜ੍ਹਾ -ਥੋੜ੍ਹਾ ਹੁੰਦੇ ਫਿਰ ਮਾਇਆ ਦਾ ਪ੍ਰਵੇਸ਼ ਹੋਣ ਨਾਲ ਹੀ ਬਹੁਤ ਕਾਲੇ ਬਣ ਜਾਂਦੇ ਹਨ। ਹੁਣ ਤੁਹਾਡੇ ਉਪਰ ਰਾਹੂ ਦੀ ਦਸ਼ਾ ਹੈ। ਸਬ ਤੋਂ ਕੜੀ ਹੈ ਰਾਹੂ ਦਸ਼ਾ। ਹੁਣ ਫਿਰ ਬ੍ਰਹਸਪਤੀ ਦੀ ਦਸ਼ਾ ਬੈਠਦੀ ਹੈ ਕਿਉਂਕਿ ਹੁਣ ਵਿਸ਼ਵ ਦਾ ਮਾਲਿਕ ਬਣਨ ਦੇ ਲਈ ਤੁਸੀਂ ਵਰੀਕ੍ਸ਼ ਗੁਰੂ ਦਵਾਰਾ ਪੁਰਸ਼ਾਰਥ ਕਰ ਰਹੇ ਹੋ। ਉਹ ਹੈ ਅਵਿਨਾਸ਼ੀ ਗੁਰੂ। ਕਿਸਦਾ? ਅਵਿਨਾਸ਼ੀ ਆਤਮਾਵਾਂ ਦਾ। ਉਹ ਮਨੁੱਖ ਲੋਕ ਆਤਮਾਵਾਂ ਦਾ ਗੁਰੂ ਨਹੀਂ ਬਣਦੇ ਹਨ। ਉਹ ਮਨੁੱਖ ਦਾ ਗੁਰੂ ਬਣਦੇ ਹਨ। ਹੁਣ ਬਾਪ ਤੁਹਾਡੀ ਆਤਮਾਵਾਂ ਦਾ ਗੁਰੂ ਆਕੇ ਬਣੇ ਹਨ। ਬ੍ਰਿਖਪਤੀ ਪਰਮਪਿਤਾ ਪਰਮਾਤਮਾ ਹੈ। ਤੁਸੀਂ ਸਮਝਦੇ ਹੋ ਹੁਣ ਸਾਡੇ ਉਪਰ ਬ੍ਰਹਸਪਤੀ ਦੀ ਦਸ਼ਾ ਹੈ। ਸਵਰਗ ਦੇ ਮਾਲਿਕ ਤਾਂ ਬਣੋਗੇ। ਅਵਿਨਾਸ਼ੀ ਸੁਖ ਰਹਿੰਦਾ ਹੈ, ਪਰ ਉਸਦੇ ਲਈ ਪੁਰਸ਼ਾਰਥ ਹੁਣ ਕਰਨਾ ਹੈ। ਕਿ ਅਸੀਂ ਸੁਖਧਾਮ ਦੇ ਮਹਾਰਾਜਾ - ਮਹਾਰਾਣੀ ਬਣੀਏ। ਪੁਰਸ਼ਾਰਥ ਤਾਂ ਹਰ ਇੱਕ ਦਾ ਆਪਣਾ ਚਲਦਾ ਹੈ। ਇਹ ਹੈ ਰੁਦ੍ਰ ਸ਼ਿਵ ਦੀ ਪਾਠਸ਼ਾਲਾ। ਉਹ ਹੈ ਗਿਆਨ ਸਾਗਰ। ਤੁਸੀਂ ਉਹਨਾਂ ਦੀ ਪਾਠਸ਼ਾਲਾ ਵਿੱਚ ਪੜ੍ਹ ਰਹੇ ਹੋ। ਭਗਵਾਨੁਵਾਚ - ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਅਵਿਨਾਸ਼ੀ ਆਤਮਾਵਾਂ ਦਾ ਅਵਿਨਾਸ਼ੀ ਬਾਪ ਮੈਂ ਹਾਂ। ਇੱਕ ਹੈ ਜਿਸਮਾਨੀ ਬਾਪ, ਇੱਕ ਹੈ ਰੂਹਾਨੀ ਬਾਪ। ਦੋਵਾਂ ਦਾ ਕੰਟ੍ਰਾਸਟ ਵੀ ਦੱਸਣਾ ਹੈ। ਰੂਹਾਨੀ ਬਾਪ ਕਦੋਂ ਮਿਲਦੇ ਹਨ, ਜਿਸਨੂੰ ਭਗਤੀ ਮਾਰਗ ਵਿੱਚ ਰੂਹਾਂ ਯਾਦ ਕਰਦੀਆਂ ਹਨ। ਜਿਸਮਾਨੀ ਬਾਪ ਤਾਂ ਹੈ ਅਵਿਨਾਸ਼ੀ। ਆਤਮਾਵਾਂ ਤੇ ਵਿਨਾਸ਼ੀ ਨਹੀਂ ਹੁੰਦੀਆਂ ਹਨ। ਤੁਸੀਂ ਜਾਣਦੇ ਹੋ ਸਾਡਾ ਜੋ ਲੌਕਿਕ ਬਾਪ ਹੈ ਉਹ ਤਾਂ ਜਨਮ ਬਾਈ ਜਨਮ ਅਸੀਂ ਬਦਲਦੇ ਆਏ। ਬਾਪ ਬਿਗਰ ਤਾਂ ਬੱਚੇ ਦਾ ਜਨਮ ਹੋ ਨਹੀਂ ਸਕਦਾ। ਤੁਸੀਂ ਬੱਚਿਆਂ ਦਾ ਜਨਮ ਹੋ ਨਹੀਂ ਸਕਦਾ। ਤੁਸੀਂ ਬੱਚਿਆਂ ਨੂੰ ਹੁਣ ਵਿਸ਼ਾਲਬੁੱਧੀ ਮਿਲੀ ਹੈ। ਤੁਸੀਂ ਸਮਝ ਸਕਦੇ ਹੋ ਕਿ ਕਦੋਂ ਤੋਂ ਅਸੀਂ ਦੋ ਬਾਪ ਵਾਲੇ ਬਣਦੇ ਹਾਂ। ਸਤਿਯੁਗ ਵਿੱਚ ਤਾਂ ਇੱਕ ਹੀ ਲੌਕਿਕ ਬਾਪ ਹੁੰਦਾ ਹੈ ਉਹਨਾਂ ਨੂੰ ਹੀ ਯਾਦ ਕਰਦੇ ਹਨ। ਆਤਮਾਵਾਂ ਨੂੰ ਉਸ ਰੂਹਾਨੀ ਬਾਪ ਦੀ ਯਾਦ ਕਰਨ ਦੀ ਲੋੜ ਨਹੀਂ ਰਹਿੰਦੀ। ਆਤਮਾਵਾਂ ਨੂੰ ਸਤਿਯੁਗ ਵਿੱਚ ਇੱਕ ਹੀ ਲੌਕਿਕ ਬਾਪ ਹੁੰਦਾ ਹੈ। ਉੱਥੇ ਸ਼ਰੀਰ ਵੀ ਗੋਰਾ ਮਿਲਦਾ ਹੈ, ਪ੍ਰਾਲਬੱਧ ਭੋਗਦੇ ਹਨ ਨਾ ਇਸਲਈ ਉੱਥੇ ਬਾਪ ਨੂੰ ਯਾਦ ਨਹੀਂ ਕਰਦੇ। ਤਾਂ ਤੁਹਾਨੂੰ ਉਹ ਸਮਝਾਉਣਾ ਹੈ। ਭਗਤੀ ਮਾਰਗ ਵਿੱਚ ਇੱਕ ਹੈ ਵਿਨਾਸ਼ੀ ਲੌਕਿਕ ਬਾਪ, ਉਹ ਤਾਂ ਹਰ ਜਨਮ ਵਿੱਚ ਦੂਸਰਾ ਮਿਲਦਾ ਹੈ। ਤੁਸੀਂ ਆਤਮਾ ਤਾਂ ਅਵਿਨਾਸ਼ੀ ਹੋ, ਅਵਿਨਾਸ਼ੀ ਬਾਪ ਨੂੰ ਯਾਦ ਕਰਦੇ ਹੋ। ਕਹਿੰਦੇ ਵੀ ਹੋ ਪਰਮਪਿਤਾ ਪਰਮਾਤਮਾ ਪਰਮਧਾਮ ਵਿੱਚ ਰਹਿਣ ਵਾਲੇ ਪਿਤਾ। ਲੌਕਿਕ ਪਿਤਾ ਨੂੰ ਕਦੀ ਪਰਮਪਿਤਾ ਨਹੀਂ ਕਹਾਂਗੇ। ਇਹ ਦੋ ਬਾਪ ਦਾ ਰਾਜ਼ ਸਮਝਾਉਣਾ ਬਹੁਤ ਜਰੂਰੀ ਹੈ। ਰਾਵਣ ਰਾਜ਼ ਵੀ ਸਮਝਾਓਣਾ ਹੈ। ਰਾਵਣ ਰਾਜ ਮਤਲਬ ਪਤਿਤ ਰਾਜ ਹੁਣ ਹੈ ਇਸਲਈ ਪਤਿਤ - ਪਾਵਨ ਬਾਪ ਨੂੰ ਬੁਲਾ ਰਹੇ ਹਨ। ਉਹ ਅਵਿਨਾਸ਼ੀ ਬਾਪ ਹੈ। ਦੋ ਬਾਪ ਜਰੂਰ ਸਿੱਧ ਕਰਨੇ ਹਨ। ਆਤਮਾਵਾਂ ਦਾ ਵੀ ਬਾਪ ਹੈ ਇਸਲਈ ਪਾਰਲੌਕਿਕ ਪਰਮਪਿਤਾ ਪਰਮਾਤਮਾ ਨੂੰ ਯਾਦ ਕਰਦੇ ਹਨ। ਹਰ ਜਨਮ ਵਿੱਚ ਲੌਕਿਕ ਬਾਪ ਹੋਰ ਹੋਰ ਮਿਲਦਾ ਹੈ ਫਿਰ ਵੀ ਰੂਹਾਨੀ ਬਾਪ ਨੂੰ ਜਰੂਰ ਯਾਦ ਕਰਦੇ ਹਨ। ਉਹ ਕਦੀ ਬਦਲਦਾ ਨਹੀਂ। ਬਾਪ ਵੀ ਕਹਿੰਦੇ ਹਨ ਬਰੋਬਰ ਤੁਸੀਂ ਮੈਨੂੰ ਯਾਦ ਕਰਦੇ ਸੀ - ਹੇ ਪਰਮਪਿਤਾ ਪਰਮਾਤਮਾ। ਕਦੋਂ ਤੱਕ ਤੁਹਾਨੂੰ ਯਾਦ ਕਰਨਾ ਹੈ, ਫਿਰ ਬਾਪ ਕਦੋਂ ਮਿਲਦਾ ਹੈ? ਇਹ ਤੁਸੀਂ ਹੁਣ ਜਾਨ ਗਏ ਹੋ। ਜਦੋਂ ਭਗਤੀ ਦਾ ਅੰਤ ਹੁੰਦਾ ਹੈ ਤਾਂ ਫ਼ਲ ਦੇਣ ਬਾਪ ਆਉਂਦੇ ਹਨ। ਬਾਪ ਨੇ ਸਮਝਾਇਆ ਹੈ- ਸਭ ਭਗਤਾਂ ਨੂੰ ਮੁਕਤੀ - ਜੀਵਨਮੁਕਤੀ ਦਿੰਦਾ ਹਾਂ। ਤੁਸੀਂ ਜਾਣਦੇ ਹੋ ਸਤਿਯੁਗ ਵਿੱਚ ਇੱਕ ਹੀ ਧਰਮ ਹੁੰਦਾ ਹੈ, ਉਸਨੂੰ ਵਨਨੇਸ ਕਹਾਂਗੇ। ਕਹਿੰਦੇ ਹਨ ਸਭ ਮਿਲਕੇ ਇੱਕ ਹੋ ਜਾਈਏ। ਪਰ ਸਭ ਧਰਮ ਇੱਕ ਹੋ ਨਹੀਂ ਸਕਦੇ। ਜਦੋਂ ਇੱਕ ਰਾਜ ਹੋ ਜਾਂਦਾ ਹੈ ਤਾਂ ਪਵਿੱਤਰਤਾ ਸੁਖ, ਸ਼ਾਂਤੀ ਰਹਿੰਦੀ ਹੈ। ਭਾਰਤ ਵਿੱਚ ਰਾਮਰਾਜ ਸੀ ਜਰੂਰ। ਹੁਣ ਇਹ ਰਾਵਣ ਰਾਜ ਹੈ, ਇਸਲਈ ਰਾਵਣ ਨੂੰ ਸਾੜਦੇ ਰਹਿੰਦੇ ਹਨ। ਤਾਂ ਦੋ ਬਾਪ ਦਾ ਰਾਜ਼ ਸਮਝਾਉਣ ਨਾਲ ਝੱਟ ਸਮਝ ਜਾਣਗੇ। ਅਵਿਨਾਸ਼ੀ ਬਾਪ ਤਾਂ ਜਰੂਰ ਹੈ, ਨਵੀਂ ਦੁਨੀਆਂ ਰਚਣ ਵਾਲਾ ਬਾਪ ਹੀ ਹੈ। ਨਵੀਂ ਦੁਨੀਆਂ ਵਿੱਚ ਬਰੋਬਰ ਦੇਵੀ - ਦੇਵਤੇ ਹੀ ਸੀ ਫਿਰ ਉਹ ਹੀ ਦੁਨੀਆਂ ਨਵੀਂ ਤੋਂ ਪੁਰਾਣੀ ਹੁੰਦੀ ਹੈ। ਨਵੀਂ ਦੁਨੀਆਂ ਵਿੱਚ ਕਿੰਨੇ ਜਨਮ ਲੈਂਦੇ, ਪੁਰਾਣੀ ਦੁਨੀਆਂ ਵਿੱਚ ਕਿੰਨੇ ਜਨਮ ਲੈਂਦੇ ਇਹ ਤੁਸੀਂ ਜਾਣਦੇ ਹੋ। ਇਵੇਂ ਵੀ ਨਹੀਂ ਕਿ 84 ਜਨਮਾਂ ਦੇ ਅੱਧੇ ਹੋਣੇ ਚਾਹੀਦੇ ਹਨ, 42 ਜਨਮ ਪੁਰਾਣੀ ਦੁਨੀਆਂ ਵਿੱਚ, 42 ਜਨਮ ਨਵੀਂ ਦੁਨੀਆਂ ਵਿੱਚ। ਨਹੀਂ। ਭਾਰਤਵਾਸੀਆਂ ਦੀ ਉਮਰ ਪਹਿਲੇ 100 ਵਰ੍ਹੇ, 125 ਵਰ੍ਹੇ ਸੀ, ਹੁਣ ਤਾਂ 40 -50 ਵਰ੍ਹੇ ਵੀ ਮੁਸ਼ਕਿਲ ਚਲਦੀ ਹੈ। ਤਾਂ ਅੱਧਾ - ਅੱਧਾ ਹੋ ਨਾ ਸਕੇ। 84 ਜਨਮਾਂ ਦਾ ਹਿਸਾਬ ਤਾਂ ਚਾਹੀਦਾ ਹੈ ਨਾ। ਬਾਪ ਕਹਿੰਦੇ ਹਨ ਤੁਹਾਡਾ 84 ਜਨਮਾਂ ਦਾ ਚੱਕਰ ਹੁਣ ਪੂਰਾ

ਹੋਇਆ। ਤੁਸੀਂ ਨਹੀਂ ਜਾਣਦੇ ਹੀ, ਅਸੀਂ ਸਮਝਾਉਂਦੇ ਹਾਂ, 84 ਜਨਮਾਂ ਦਾ ਰਾਜ਼ ਸਿਵਾਏ ਪਰਮਪਿਤਾ ਪਰਮਾਤਮਾ ਦੇ ਹੋਰ ਕੋਈ ਸਮਝਾ ਨਾ ਸਕੇ। ਤੁਸ ਬਾਪ ਕੋਲੋਂ ਸੁਣਕੇ ਖ਼ੁਸ਼ ਹੁੰਦੇ ਹੋ ਅਤੇ ਫਿਰ ਨਵੀ ਦੁਨੀਆਂ ਦੇ ਲਈ ਪੁਰਸ਼ਾਰਥ ਕਰਦੇ ਹੋ।

ਹੁਣ ਇਹ ਬੱਚਿਆਂ ਨੂੰ ਸਿੱਧ ਕਰ ਦੱਸਣਾ ਹੈ ਕਿ ਅਸੀਂ ਹੁਣ ਬੇਹੱਦ ਦੇ ਪਾਰਲੌਕਿਕ ਬਾਪ ਕੋਲੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਉਹ ਬਾਪ ਆਉਂਦੇ ਹੀ ਉਦੋਂ ਹਨ ਜਦੋਂ ਸਵਰਗ ਦੀ ਸਥਾਪਨਾ ਕਰਦੇ ਹਨ। ਉਹਨਾਂ ਨੂੰ ਕਿਹਾ ਹੀ ਜਾਂਦਾ ਹੈ ਹੈਵਨਲੀ ਗੋਡ ਫ਼ਾਦਰ। ਜਦੋਂ ਨਵੇਂ ਘਰ ਦੀ ਸਥਾਪਨਾ ਹੁੰਦੀ ਹੈ ਉਦੋਂ ਪੁਰਾਣੇ ਘਰ ਨੂੰ ਤੋੜਿਆ ਜਾਂਦਾ ਹੈ। ਲਿਖਿਆ ਹੋਇਆ ਵੀ ਹੈ ਸਥਾਪਨਾ ਫਿਰ ਵਿਨਾਸ਼। ਸਥਾਪਨਾ ਜਦੋਂ ਪੂਰੀ ਹੋ ਜਾਏਗੀ ਉਦੋਂ ਵਿਨਾਸ਼ ਹੋਵੇਗਾ। ਸਥਾਪਨਾ ਕਰਨ ਵਾਲਾ ਹੈ ਪਰਮਪਿਤਾ ਪਰਮਾਤਮਾ, ਇਸ ਬ੍ਰਹਮਾ ਦਵਾਰਾ। ਇਹ ਵੀ ਬਾਬਾ ਨੇ ਸਮਝਾਇਆ ਹੈ ਸੂਕ੍ਸ਼੍ਮਵਤਨ ਨੂੰ ਤਾਂ ਪ੍ਰਜਾਪਿਤਾ ਨਹੀਂ ਕਹਾਂਗੇ। ਉੱਥੇ ਪ੍ਰਜਾ ਹੁੰਦੀ ਨਹੀਂ, ਤਾਂ ਜਰੂਰ ਪ੍ਰਜਾਪਿਤਾ ਬ੍ਰਹਮਾ ਇੱਥੇ ਹੋਵੇਗਾ। ਉਹ ਹੀ ਫਿਰ ਅਵਿੱਅਕਤ ਸੰਪੂਰਨ ਬਣੇਗਾ। ਉਹ ਤਾਂ ਹੈ ਅਵਿੱਅਕਤ, ਜਰੂਰ ਵਿਅਕਤ ਵੀ ਚਾਹੀਦਾ ਹੈ ਜੋ ਫਿਰ ਅਵਿਅਕਤ ਹੋਣਾ ਹੈ। ਦੋਵੇਂ ਹੁਣ ਦਿਖਾਈ ਦਿੰਦੇ ਹਨ। ਪ੍ਰਜਾਪਿਤਾ ਬ੍ਰਹਮਾ ਇੱਥੇ ਵੀ ਹੈ, ਸੁਕਸ਼ਮਵਤਨ ਵਿੱਚ ਵੀ ਹੈ। ਪ੍ਰਜਾਪਿਤਾ ਤਾਂ ਇੱਥੇ ਚਾਹੀਦਾ ਹੈ, ਜਰੂਰ ਪ੍ਰਜਾਪਿਤ ਬ੍ਰਹਮਾ ਦੇ ਬੱਚੇ ਵੀ ਇੱਥੇ ਹੀ ਹਨ। ਪ੍ਰਦਰਸ਼ਨੀ ਵਿੱਚ ਦੋ ਬਾਪ ਦਾ ਰਾਜ਼ ਸਮਝਾਉਣਾ ਹੈ। ਕ਼ਾਇਦਾ ਤਾਂ ਹੈ ਇੱਕ - ਇੱਕ ਨੂੰ ਵੱਖ - ਵੱਖ ਸਮਝਾਇਆ ਜਾਂਦਾ ਹੈ। ਹੁਣ ਉੱਥੇ ਕਿਸੇਨੂੰ ਕਿਵੇਂ ਸਮਝਾਉਣਗੇ? ਸਮਝਾਉਣ ਦੇ ਲਈ ਤਾਂ ਏਕਾਂਤ ਚਾਹੀਦਾ ਹੈ। ਉੱਥੇ ਤਾਂ ਬਹੁਤ ਹੰਗਾਮਾਂ ਹੁੰਦਾ ਹੈ। ਇੱਥੇ ਤਾਂ ਤੁਹਾਨੂੰ ਇੱਕ ਡੇਢ ਘੰਟਾ ਲਗ ਜਾਂਦਾ ਹੈ ਸਮਝਾਓਣ ਵਿੱਚ। ਉੱਥੇ ਇੰਨੀ ਭੀੜ੍ਹ ਵਿੱਚ ਤਾਂ ਸਮਝਾਉਣਾ ਬੜਾ ਮੁਸ਼ਕਿਲ ਹੋ ਜਾਏਗਾ। ਅਨੇਕ ਤਰ੍ਹਾਂ ਦੇ ਧਰਮ ਵਾਲੇ ਹਨ। ਕੋਈ ਕੀ ਕਹੇਗਾ, ਕੋਈ ਕੀ। ਚੁਪਚਾਪ ਤਾਂ ਬੈਠਣਗੇ ਨਹੀਂ। ਤੁਸੀਂ ਸੁਣਾਓਗੇ ਇੱਕ ਲੌਕਿਕ ਜਿਸਮਾਨੀ ਬਾਪ ਹੈ, ਦੂਸਰਾ ਪਾਰਲੌਕਿਕ ਰੂਹਾਨੀ ਬਾਪ ਹੈ। ਉਹ ਹੈ ਪਰਮਪਿਤਾ ਪਰਮਾਤਮਾ। ਹੁਣ ਬ੍ਰਹਮਾ ਦਵਾਰਾ ਸਥਾਪਨਾ ਕਰ ਰਹੇ ਹਨ ਸਵਰਗ ਦੀ। ਨਰਕ ਦਾ ਵਿਨਾਸ਼ ਵੀ ਸਾਹਮਣੇ ਖੜ੍ਹਾ ਹੈ। ਮਹਾਭਾਰੀ ਲੜਾਈ ਹੈ ਨਾ। ਬਰੋਬਰ ਇਹ ਰਜਯੋਗ ਵੀ ਹੈ, ਰਾਜਾਈ ਪ੍ਰਾਪਤ ਕਰਨ ਦੀ ਗੀਤਾ ਪਾਠਸ਼ਾਲਾ ਹੈ। ਭਗਵਾਨੁਵਾਚ -ਸਭ ਨੂੰ ਦੋ ਬਾਪ ਹਨ। ਸ਼੍ਰੀਕ੍ਰਿਸ਼ਨ ਨੂੰ ਸਭ ਆਤਮਾਵਾਂ ਦਾ ਬਾਪ ਨਹੀਂ ਕਹਾਂਗੇ। ਆਤਮਾਵਾਂ ਦਾ ਬਾਪ ਪਰਮਪਿਤਾ ਪਰਮਾਤਮਾ ਕਹਿੰਦੇ ਹਨ ਕਿ ਮਾਮੇਕਮ ਯਾਦ ਕਰੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਖੁਦ ਵਿੱਚ ਗਿਆਨ ਦਾ ਘ੍ਰਿਤ ਪਾਉਂਦੇ ਸਦਾ ਜਗਦੀ ਜੋਤ ਰਹਿਣਾ ਹੈ। ਬਾਪ ਦੀ ਯਾਦ ਵਿੱਚ ਰਹਿ ਰਾਹੂ ਦਾ ਗ੍ਰਹਿਣ ਉਤਾਰ ਦੇਣਾ ਹੈ।

**2.** ਰੂਹਾਨੀ ਅਤੇ ਜਿਸਮਾਨੀ ਦੋ ਬਾਪ ਹਨ, ਇਹ ਪਹਿਚਾਣ ਹਰ ਇੱਕ ਨੂੰ ਦੇਕੇ ਬੇਹੱਦ ਦੇ ਵਰਸੇ ਦਾ ਅਧਿਕਾਰੀ ਬਣਾਉਣਾ ਹੈ।

ਵਰਦਾਨ:- ਪ੍ਰਵ੍ਰਿਤੀ ਵਿੱਚ ਰਹਿੰਦੇ ਇੱਕ ਬਾਪ ਦੇ ਨਾਲ ਕੰਮਬਾਇੰਡ ਰਹਿਣ ਵਾਲੇ ਦੇਹ ਦੇ ਸੰਬੰਧਾਂ ਤੋਂ ਨਿਰਵ੍ਰਿਤ ਭਵ

ਪ੍ਰਵ੍ਰਿਤੀ ਵਿੱਚ ਜੇਕਰ ਪਵਿੱਤਰ ਪ੍ਰਵ੍ਰਿਤੀ ਦਾ ਪਾਰ੍ਟ ਵਜਾਉਣਾ ਹੈ ਤਾਂ ਦੇਹ ਦੇ ਸੰਬੰਧਾਂ ਤੋਂ ਨਿਰਵ੍ਰਿਤ ਰਹੋ। ਮੈਂ ਪੁਰਸ਼ ਹਾਂ, ਇਹ ਇਸਤਰੀ ਹੈ - ਇਹ ਭਾਨ ਸੁਪਨੇ ਵਿਚ ਵੀ ਨਹੀਂ ਆਉਣਾ ਚਾਹੀਦਾ ਹੈ। ਆਤਮਾ ਭਰਾ - ਭਰਾ ਹੈ ਤਾਂ ਇਸਤਰੀ ਪੁਰਸ਼ ਕਿਥੋਂ ਤੋਂ ਆਏ। ਯੁਗਲ ਤਾਂ ਤੁਸੀਂ ਅਤੇ ਬਾਪ ਹੋ। ਇਹ ਤਾਂ ਨਿਮਿਤ ਮਾਤਰ ਸੇਵਾ ਅਰਥ ਹੈ, ਬਾਕੀ ਕੰਮਬਾਇੰਡ ਰੂਪ ਵਿੱਚ ਤੁਸੀਂ ਅਤੇ ਬਾਪ ਹੋ। ਇਵੇਂ ਸਮਝਕੇ ਚੱਲੋ ਉਦੋਂ ਕਹਾਂਗੇ ਹਿੰਮਤਵਾਨ ਵਿਜੇਈ ਆਤਮਾ।

ਸਲੋਗਨ:- ਸਦਾ ਸੰਤੁਸ਼ਟ ਅਤੇ ਸਦਾ ਖੁਸ਼ ਰਹਿਣ ਵਾਲੇ ਹੀ ਖੁਸ਼ਨਸ਼ੀਬ, ਤੀਵ੍ਰ ਪੁਰਸ਼ਾਰਥੀ ਹਨ।

******